

Clker-Free-Vector-Images/ Pixabay.com

www.fraserhealth.ca

ਇਹ ਜਾਣਕਾਰੀ ਤੁਹਾਡੇ ਸਿਹਤ ਸੰਭਾਲ ਕਰਨ ਵਾਲੇ ਵਲੋਂ ਤੁਹਾਨੂੰ ਦਿੱਤੀ ਸਲਾਹ ਦਾ ਬਦਲ ਨਹੀਂ।

Catalogue #266161 (August 2019) Punjabi
To order: patienteduc.fraserhealth.ca

Punjabi

# ਦਿਲ ਦੀਆਂ ਸੇਵਾਵਾਂ Heart Services

## (ਕਾਰਡਿਐਕ ਸਰਵਿਸਿਜ਼) (Cardiac Services)

Royal Columbian Hospital



Otto Wenninger/Pixabay.com

fraserhealth

# ਅਸੀਂ ਕੌਣ ਹਾਂ

ਰਾਇਲ ਕੋਲੰਬੀਅਨ ਹਸਪਤਾਲ (ਆਰ.ਸੀ.ਐੱਚ.) ਵਿਚ ਤੁਹਾਡਾ ਸਵਾਗਤ ਹੈ। ਸਾਡਾ ਹਸਪਤਾਲ ਇਸ ਇਲਾਕੇ ਦਾ ਰੈਫ਼ਰਲ ਹਸਪਤਾਲ ਹੈ ਜੋ ਬਰਨਬੀ ਤੋਂ ਬੋਸਟਨ-ਬਾਰ ਤੱਕ ਦੇ ਲੋਕਾਂ ਨੂੰ ਸਪੈਸ਼ਲ ਸਰਜੀਕਲ ਅਤੇ ਮੈਡੀਕਲ ਪ੍ਰੋਗਰਾਮ ਮੁਹੱਈਆ ਕਰਦਾ ਹੈ। ਅਸੀਂ ਕਮਿਊਨਿਟੀ ਹਸਪਤਾਲ ਵੀ ਹਾਂ ਅਤੇ ਨਿਊ ਵੈੱਸਟ ਮਿਨਸਟਰ ਦੇ ਵਸਨੀਕਾਂ ਦੀ ਸੇਵਾ ਕਰਦੇ ਹਾਂ।

ਸਾਡਾ ਹਸਪਤਾਲ ਦਿਲ ਦੀਆਂ ਸੇਵਾਵਾਂ ਵਿਚ ਲੀਡਰ ਹੈ। ਬਹੁਤੇ ਲੋਕਾਂ ਦੇ ਦਿਲ ਦਾ ਇਲਾਜ ਪਹਿਲਾਂ ਸਾਡੀ ਅਤਿ ਆਧੁਨਿਕ ਕੈਥੇਰਾਈਜ਼ੇਸ਼ਨ ਲੈਬ (ਜੋ ਸੂਬੇ ਦੀ ਬਹੁਤ ਹੀ ਰੁੱਝੀ ਲੈਬ ਹੈ) ਤੋਂ ਹੀ ਸ਼ੁਰੂ ਹੁੰਦਾ ਹੈ। ਜਦੋਂ ਖ਼ੂਨ ਦੀ ਰੁਕਾਵਟ ਵਾਲੀ ਜਗ੍ਹਾ ਦਾ ਇੱਕ ਵਾਰ ਪਤਾ ਜਾਏ ਤਾਂ ਲਹੂ ਦੀ ਨਾੜੀ (ਧਮਣੀ) ਨੂੰ ਆਮ ਤੌਰ ਤੇ ਖੋਲ੍ਹ ਸਕੀਦਾ ਹੈ। ਪਰ ਕੁੱਝ ਹਾਲਤਾਂ ਵਿਚ ਸਰਜਰੀ ਦੀ ਵੀ ਲੋੜ ਹੋ ਸਕਦੀ ਹੈ।

ਸਾਡੇ ਕੋਲ ਦਿਲ ਦੀ ਸਰਜਰੀ ਦਾ ਬਹੁਤ ਵਧੀਆ ਪ੍ਰੋਗਰਾਮ ਹੈ ਅਤੇ ਅਸੀਂ ਸਾਲ ਵਿਚ 1000 ਤੋਂ ਜ਼ਿਆਦਾ ਦਿਲ ਦੀਆਂ ਸਰਜਰੀਆਂ ਕਰਦੇ ਹਾਂ।

ਤੁਹਾਡੀਆਂ ਜੋ ਵੀ ਜ਼ਰੂਰਤਾਂ ਹੋਣ ਸਾਡੀ ਤਜਰਬੇਕਾਰ ਅਤੇ ਚੰਗੀ ਤਰ੍ਹਾਂ ਸਿਖਲਾਈ ਪ੍ਰਾਪਤ ਪੇਸ਼ਾਵਰ ਸਿਹਤ ਕਰਮਚਾਰੀਆਂ ਦੀ ਟੀਮ ਤੁਹਾਡੀ ਸਿਹਤਯਾਬੀ ਨੂੰ ਜਿੱਥੋਂ ਤੱਕ ਸੰਭਵ ਹੋ ਸਕੇ ਆਰਾਮਦਾਇਕ ਅਤੇ ਦਬਾਅ ਰਹਿਤ ਬਣਾ ਦੇਵੇਗੀ।



Gerd Altmanna/Pixabay.com





## ਖਾਣੇ ਦੀਆਂ ਸੇਵਾਵਾਂ

ਸਨੈਕਸ ਅਤੇ ਪੀਣ ਵਾਲੇ ਪਦਾਰਥਾਂ ਲਈ ਸਾਰੇ ਹਸਪਤਾਲ ਵਿਚ ਵੈਂਡਿੰਗ ਮਸ਼ੀਨਾਂ ਲੱਗੀਆਂ ਹੋਈਆਂ ਹਨ।

ਕੈਫ਼ੇਟੇਰੀਆ ਅਤੇ ਟਿਮ ਹਾਰਟਨ ਦੋਨੋਂ ਹੈਲਥ ਕੇਅਰ ਸੈਂਟਰ (ਗ੍ਰੀਨ ਜ਼ੋਨ) ਦੀ ਬੇਸਮੈਂਟ ਲੈਵਲ ਤੇ ਹਨ।

- ਕੈਫ਼ੇਟੇਰੀਆ ਦਾ ਸਮਾਂ The Cafeteria hours

7:00 ਸੁਬ੍ਹਾ ਤੋਂ 5:00 ਸ਼ਾਮ ਤੱਕ (ਸੋਮਵਾਰ ਤੋਂ ਸ਼ੁੱਕਰਵਾਰ)

7:30 ਸੁਬ੍ਹਾ ਤੋਂ 2:00 ਸ਼ਾਮ ਤੱਕ (ਸ਼ਨਿੱਚਰ ਐਤਵਾਰ ਅਤੇ ਛੁੱਟੀਆਂ ਵਾਲੇ ਦਿਨ)

- ਟਿਮ ਹਾਰਟਨ ਦਾ ਸਮਾਂ Tim Horton's hours

6:30 ਸੁਬ੍ਹਾ ਤੋਂ 9:30 ਸ਼ਾਮ ਤੱਕ ਰੋਜ਼ਾਨਾ

ਹਸਪਤਾਲ ਦੇ ਸਾਹਮਣੇ ਕੋਲੰਬੀਆ ਸਟ੍ਰੀਟ ਤੇ ਕਈ ਕਿਸਮ ਦੇ ਰੈਸਟੋਰੈਂਟ ਹਨ। ਸੇਵ-ਆਨ-ਫ਼ੂਡ ਵਿਚ ਤਿਆਰ ਕੀਤੀਆਂ ਸੈਂਡਵਿਚ, ਸਲਾਦ ਅਤੇ ਐਂਟਰੀਜ਼ ਮਿਲਦੀਆਂ ਹਨ।

## ਪਾਰਕਿੰਗ

ਪਾਰਕਿੰਗ ਬਾਰੇ ਜਾਣਕਾਰੀ ਲਈ ਸਾਡੀ ਪਾਰਕਿੰਗ ਦੀ ਜਾਣਕਾਰੀ ਕਿਤਾਬਚੇ ਬਾਰੇ ਪੁੱਛੋ।



## ਘਰੋਂ ਖਾਣਾ ਲਿਆਉਣਾ

ਕਿਰਪਾ ਕਰ ਕੇ ਨਰਸ ਨੂੰ ਪੁੱਛ ਕੇ ਸੁਨਿਸ਼ਚਿਤ ਕਰ ਲਵੋ ਕਿ ਮਰੀਜ਼ ਲਈ ਘਰੋਂ ਖਾਣਾ ਲਿਆਉਣਾ ਠੀਕ ਹੈ।

## ਫੁੱਲ – ਗੁਬਾਰੇ

- **ਸੀ.ਐੱਸ.ਆਈ.ਸੀ. ਯੂ.(CSICU):** ਕਿਰਪਾ ਕਰ ਕੇ ਫੁੱਲ ਜਾਂ ਗੁਬਾਰੇ ਨਾ ਲਿਆਓ।
- **2 ਉੱਤਰ (2 North) :** ਕਿਰਪਾ ਕਰ ਕੇ ਫੁੱਲ ਜਾਂ ਗੁਬਾਰੇ ਨਾ ਲਿਆਓ।
- **2 ਦੱਖਣ (2 South):** ਸਿਰਫ਼ ਸੈਂਟ ਰਹਿਤ ਜਾਂ ਸਿਲਕੀ ਫੁੱਲਾਂ ਦੀ ਇਜਾਜ਼ਤ ਹੈ। ਤਿੱਖੀ ਖ਼ੁਸ਼ਬੂ ਵਾਲੇ ਫੁੱਲ ਜਿਵੇਂ ਕਿ ਲਿੱਲੀ ਦੀ ਮਨਾਹੀ ਹੈ। ਕਿਰਪਾ ਕਰ ਕੇ ਗੁਬਾਰੇ ਨਾ ਲਿਆਓ।

## ਖ਼ੁਸ਼ਬੂ ਰਹਿਤ

ਕੁੱਝ ਲੋਕ ਸੈਂਟ ਤੋਂ ਸੰਵੇਦਨਸ਼ੀਲ ਜਾਂ ਐਲਰਜਿਕ ਹੁੰਦੇ ਹਨ। ਜਦੋਂ ਮਰੀਜ਼ ਨੂੰ ਮਿਲਨ ਆਓ ਤਾਂ ਕਿਰਪਾ ਕਰ ਕੇ ਸੈਂਟ,ਕਾਲਗਨ, ਵਾਲਾਂ ਦਾ ਸਪਰੇ ਜਾਂ ਆਫ਼ਟਰਸ਼ੇਵ ਦੀ ਵਰਤੋਂ ਨਾ ਕਰੋ।

## ਤਮਾਕੂਨੋਸ਼ੀ ਰਹਿਤ

ਤਮਾਕੂਨੋਸ਼ੀ ਜਾਂ ਸੁਲਫ਼ਾ ਜਾਂ ਈ.ਸਿਗਰਟ ਨੂੰ ਹਸਪਤਾਲ ਦੇ ਅੰਦਰ ਜਾਂ ਇਸ ਦੇ ਮੈਦਾਨਾਂ ਵਿਚ ਪੀਣ ਦੀ ਇਜਾਜ਼ਤ ਨਹੀਂ।

## ਤਬਦੀਲੀਆਂ ਅਤੇ ਬਦਲੀਆਂ

ਸਰਜਰੀ ਤੋਂ ਬਾਅਦ ਮਰੀਜ਼ ਅਕਸਰ ਉਸੇ ਕਮਰੇ ਵਿਚ ਵਾਪਸ ਨਹੀਂ ਆਉਂਦੇ ਜਿਸ ਵਿਚ ਉਹ ਸਰਜਰੀ ਤੋਂ ਪਹਿਲਾਂ ਸਨ।

ਸਾਨੂੰ ਅਕਸਰ ਮਰੀਜ਼ ਨੂੰ 1 ਕਮਰੇ ਜਾਂ ਯੂਨਿਟ ਵਿਚੋਂ ਦੂਸਰੇ ਵਿਚ ਤਬਦੀਲ ਕਰਨਾ ਪੈਂਦਾ ਹੈ। ਇਹ ਦਿਨੇ ਜਾਂ ਰਾਤੀਂ ਕਿਸੇ ਸਮੇਂ ਹੋ ਸਕਦਾ ਹੈ।

ਜੇ ਤੁਸੀਂ ਮਿਲਨ ਆਏ ਹੋ ਅਤੇ ਮਰੀਜ਼ ਆਪਣੀ ਪੁਰਾਣੀ ਜਗ੍ਹਾ ਤੇ ਨਹੀਂ ਤਾਂ ਫ਼ਿਕਰ ਕਰਨ ਦੀ ਲੋੜ ਨਹੀਂ ਅਸੀਂ ਤੁਹਾਨੂੰ ਨਵੇਂ ਕਮਰੇ ਬਾਰੇ ਦੱਸਾਂਗੇ।





# ਸਾਡੀਆਂ ਯੂਨਿਟਾਂ

## ਦਿਲ ਦੀ ਸਰਜਰੀ ਦੀ ਇੰਟੈਂਸਿਵ ਕੇਅਰ ਯੂਨਿਟ (ਸੀ.ਐੱਸ.ਆਈ.ਸੀ. ਯੂ.)

2ਜੀ ਮੰਜ਼ਿਲ, ਹੈਲਥ ਕੇਅਰ ਸੈਂਟਰ — 604 520-4725

ਦਿਲ ਦੇ ਓਪਰੇਸ਼ਨ ਤੋਂ ਬਾਅਦ ਮਰੀਜ਼ ਤਕਰੀਬਨ 24 ਘੰਟੇ ਇੰਟੈਂਸਿਵ ਕੇਅਰ ਯੂਨਿਟ ਵਿਚ ਰਹਿੰਦਾ ਹੈ। ਇਸ ਸਮੇਂ ਦੌਰਾਨ ਮਰੀਜ਼ਾਂ ਦੀ ਸਪੈਸ਼ਲ ਦੇਖ ਭਾਲ ਸਪੈਸ਼ਲ ਨਰਸਾਂ ਅਤੇ ਹੋਰ ਪੇਸ਼ਾਵਰ ਬੜੀ ਬਰੀਕੀ ਨਾਲ ਕਰਦੇ ਹਨ। ਕਈ ਦਫ਼ਾ ਸਾਡੇ ਕੋਲ ਐਸੇ ਲੋਕ ਵੀ ਆਉਂਦੇ ਹਨ ਜਿਨ੍ਹਾਂ ਨੂੰ ਦਿਲ ਦੀ ਸਰਜਰੀ ਦੀ ਤਾਂ ਲੋੜ ਨਹੀਂ ਹੁੰਦੀ ਪਰ ਉਨ੍ਹਾਂ ਨੂੰ ਸਪੈਸ਼ਲ ਦੇਖ ਭਾਲ ਦੀ ਜ਼ਰੂਰਤ ਹੁੰਦੀ ਹੈ।

## ਕਾਰਡੀਐੱਕ ਸਟੈੱਪ-ਡਾਊਨ ਯੂਨਿਟ (2 ਦੱਖਣ)

2ਜੀ ਮੰਜ਼ਿਲ, ਕੋਲੰਬੀਆ ਟਾਵਰ, — 604 520-4518

2 ਦੱਖਣ ਸਟੈੱਪ ਡਾਊਨ ਯੂਨਿਟ ਸਾਡਾ ਬਹੁਤ ਰੁਝੇਵੇਂ ਵਾਲੀ ਜਗ੍ਹਾ ਹੈ। ਇੱਥੇ ਦੋ ਕਿਸਮ ਦੇ ਮਰੀਜ਼ ਹੁੰਦੇ ਹਨ ਇੱਕ ਉਹ ਜਿਨ੍ਹਾਂ ਦੇ ਦਿਲ ਦੀ ਸਰਜਰੀ ਹੋ ਗਈ ਹੈ ਅਤੇ ਦੂਜੇ ਉਹ ਜਿਨ੍ਹਾਂ ਨੂੰ ਦਿਲ ਦੀ ਸਮੱਸਿਆ ਹੈ।ਜਿਨ੍ਹਾਂ ਮਰੀਜ਼ਾਂ ਦੀ ਦਿਲ ਦੀ ਸਰਜਰੀ ਹੋ ਚੁੱਕੀ ਹੁੰਦੀ ਹੈ ਉਹ ਮਰੀਜ਼ ਇੰਟੈਂਸਿਵ ਕੇਅਰ ਯੂਨਿਟ ਵਿਚੋਂ ਆਉਂਦੇ ਹਨ ਅਤੇ ਘਰ ਜਾਣ ਤੱਕ ਇੱਥੇ ਹੀ ਠਹਿਰਦੇ ਹਨ। ਦੂਜੀ ਕਿਸਮ ਦੇ ਮਰੀਜ਼ ਆਪਣੇ ਦਿਲ ਦੀ ਸਰਜਰੀ ਜਾਂ ਪ੍ਰੋਸੀਜਰ ਲਈ ਇੰਤਜ਼ਾਰ ਕਰ ਰਹੇ ਹੁੰਦੇ ਹਨ।

## ਕਾਰਡੀਐੱਕ ਇੰਟਰਵੈਂਸ਼ਨਲ ਯੂਨਿਟ (2 ਉੱਤਰ)

2ਜੀ ਮੰਜ਼ਿਲ, ਕੋਲੰਬੀਆ ਟਾਵਰ, — 604 520-4572

2 ਉੱਤਰ ਇੰਟਰਵੈਂਸ਼ਨਲ ਯੂਨਿਟ ਸਾਡੀ ਇੱਕ ਹੋਰ ਬਹੁਤ ਰੁਝੇਵੇਂ ਵਾਲੀ ਜਗ੍ਹਾ ਹੈ। ਦਿਲ ਦੇ ਦੌਰੇ ਤੋਂ, ਹਾਰਟ ਫ਼ੇਲ੍ਹ ਹੋਣ ਤੋਂ ਅਤੇ ਦਿਲ ਦੀ ਧੜਕਣ ਦੀ ਸਮੱਸਿਆ ਤੋਂ ਸਿਹਤਯਾਬ ਹੋਣ ਵਾਲੇ ਮਰੀਜ਼ ਇੱਥੇ ਠਹਿਰਦੇ ਹਨ। ਕੁੱਝ ਲੋਕ ਦਿਲ ਦੇ ਪ੍ਰੋਸੀਜਰ ਦੇ ਇੰਤਜ਼ਾਰ ਲਈ ਅਤੇ ਉਸ ਤੋਂ ਬਾਅਦ ਸਿਹਤਯਾਬ ਹੋਣ ਲਈ ਵੀ ਇਸ ਯੂਨਿਟ ਵਿਚ ਠਹਿਰਦੇ ਹਨ।

# ਤੁਹਾਡੇ ਠਹਿਰਨ ਦੌਰਾਨ

## ਤੁਹਾਡਾ ਸਮਾਨ

ਤੁਹਾਡੇ ਕੋਲ ਇਹ ਚੀਜ਼ਾਂ ਹੋਣ:

- ☐ ਦੰਦਾਂ ਦਾ ਬੁਰਸ਼ ਅਤੇ ਪੇਸਟ
- ☐ ਵਾਲਾਂ ਲਈ ਬੁਰਸ਼/ ਜਾਂ ਕੰਘੀ
- ☐ ਡਰੈੱਸਿੰਗ ਗਾਊਨ
- ☐ ਸਲੀਪਰ ( ਕਾਲੇ ਸੋਲ ਵਾਲੇ ਜੋ ਫਿਸਲਣ ਵਾਲੇ ਨਾ ਹੋਣ)
- ☐ ਸਾਫ਼ ਕੱਛੇ: 3 ਜੋੜੀਆਂ ਕੱਛੀਆਂ/ਪੈਂਟੀਜ਼
  ਦਿਲ ਦੀ ਸਰਜਰੀ ਵਾਲੀਆਂ ਔਰਤਾਂ ਲਈ: ਆਰਾਮਦਾਇਕ ਫ਼ਿੱਟ ਹੋਣ ਵਾਲੀ ਅੰਗੀ ਜੋ ਅੱਗੋਂ ਬੰਦ ਹੋਵੇ ਅਤੇ ਜਿਸ ਵਿਚ ਤਾਰਾਂ ਨਾ ਹੋਣ
- ☐ ਐਨਕਾਂ ਡੱਬੀ ਸਮੇਤ
- ☐ ਸੁਣਨ ਵਾਲੀ ਮਸ਼ੀਨ, ਉਸ ਦੀ ਡੱਬੀ ਅਤੇ ਸਪੇਅਰ ਬੈਟਰੀਆਂ
- ☐ ਨਕਲੀ ਦੰਦ ਅਤੇ ਉਨ੍ਹਾਂ ਦਾ ਡੱਬੀ
- ☐ ਬਿਜਲੀ ਵਾਲਾ ਸ਼ੇਵਰ 3 ਡੰਡੀਆਂ ਵਾਲੇ ਪਲੱਗ ਨਾਲ
- ☐ ਸੈੱਲ ਫ਼ੋਨ ਅਤੇ ਚਾਰਜਰ

**ਕੀਮਤੀ ਚੀਜ਼ਾਂ ਬਾਰੇ ਨੋਟ:** ਹਸਪਤਾਲ ਆਮ ਲੋਕਾਂ ਦੀ ਜਗ੍ਹਾ ਹੈ। ਕੀਮਤੀ ਚੀਜ਼ਾਂ ਗੁੰਮ ਹੋ ਸਕਦੀਆਂ ਹਨ। ਕੀਮਤੀ ਚੀਜ਼ਾਂ ਜਾਂ ਜੋ ਚੀਜ਼ਾਂ ਤੁਸੀਂ ਨਹੀਂ ਵਰਤ ਰਹੇ ਉਹ ਘਰ ਭੇਜ ਦਿਓ।ਜੇ ਕੋਈ ਚੀਜ਼ ਗੁੰਮ ਹੋ ਜਾਂਦੀ ਹੈ ਜਾਂ ਚੋਰੀ ਹੋ ਜਾਂਦੀ ਹੈ ਤਾਂ ਅਸੀਂ ਉਸ ਦੇ ਜ਼ਿੰਮੇਵਾਰ ਨਹੀਂ।

## ਤੁਹਾਡਾ ਸੈੱਲ ਫ਼ੋਨ

ਹਸਪਤਾਲ ਵਿਚ ਤੁਸੀਂ ਸੈੱਲ ਫ਼ੋਨ ਵਰਤ ਸਕਦੇ ਹੋ। ਉਹ ਸਾਡੇ ਕਿਸੇ ਯੰਤਰ ਵਿੱਚ ਰੁਕਾਵਟ ਨਹੀਂ ਪਾਉਂਦੇ। ਕਿਰਪਾ ਕਰ ਕੇ ਉਸ ਨੂੰ ਆਵਾਜ਼ ਰਹਿਤ ਜਾਂ ਵਾਈਬ੍ਰੇਟ ਕਰਨ ਵਾਲਾ ਕਰ ਕੇ ਰੱਖੋ।





## ਫ਼ੋਨ ਕਰਨਾ

ਹਸਪਤਾਲ ਵਿਚ ਸੈੱਲ-ਫ਼ੋਨ ਦੀ ਇਜਾਜ਼ਤ ਹੈ। ਅਸੀਂ ਚਾਹੁੰਦੇ ਹਾਂ ਕਿ ਮਰੀਜ਼ ਆਪਣੇ ਪਰਵਾਰ ਅਤੇ ਦੋਸਤਾਂ ਦੇ ਸੰਪਰਕ ਵਿਚ ਰਹੇ। ਜਦੋਂ ਮਿਲਨ ਆਓ ਤਾਂ ਸੈੱਲ-ਫ਼ੋਨ ਨੂੰ ਬੰਦ/ਸ਼ਾਂਤ ਜਾਂ ਵਾਈਬ੍ਰੇਟ ਤੇ ਰੱਖੋ।

## ਸਾਡੇ ਨਾਲ ਗੱਲ ਬਾਤ ਕਰਨ ਲਈ

ਦੇਖ ਭਾਲ ਕਰਨ ਵਾਲੀ ਟੀਮ ਪਰਵਾਰਕ ਮੈਂਬਰਾਂ ਜਾਂ ਨਜ਼ਦੀਕੀ ਦੋਸਤਾਂ ਨਾਲ ਮਰੀਜ਼ ਦੀ ਹਾਲਤ ਬਾਰੇ ਵਿਚਾਰ ਵਿਮਰਸ਼ ਕਰਨ ਵਿਚ ਖ਼ੁਸ਼ੀ ਮਹਿਸੂਸ ਕਰੇਗੀ।

ਗਲ ਬਾਤ ਨੂੰ ਸਰਲ ਬਣਾਉਣ ਲਈ, ਅਸੀਂ ਚਾਹਾਂਗੇ ਕਿ ਤੁਸੀਂ ਪਰਵਾਰ ਲਈ 1 ਵਿਅਕਤੀ ਚੁਣੋ ਜੋ ਮੁੱਖ ਸੰਪਰਕ ਵਿਅਕਤੀ ਹੋਵੇਗਾ। ਅਸੀਂ ਪਰਵਾਰ ਦੇ ਸੰਪਰਕ ਵਿਅਕਤੀ ਨੂੰ ਕਹਾਂਗੇ ਕਿ ਉਹ ਉਚਿੱਤ ਜਾਣਕਾਰੀ ਪਰਵਾਰ ਅਤੇ ਦੋਸਤਾਂ ਨੂੰ ਦੇਵੇ। ਕਿਰਪਾ ਕਰ ਕੇ ਸੰਪਰਕ ਵਿਅਕਤੀ ਦਾ ਨਾਮ ਅਤੇ ਫ਼ੋਨ ਨੰਬਰ ਸਾਨੂੰ ਦਿਓ।

ਪਰਵਾਰ ਦੇ ਮੁੱਖ ਸੰਪਰਕ ਵਿਅਕਤੀ ਲਈ ਤਾਜ਼ਾ ਜਾਣਕਾਰੀ ਵਾਸਤੇ ਸਭ ਤੋਂ ਚੰਗਾ ਸਮਾਂ ਨਰਸਾਂ ਦੀ ਸ਼ਿਫ਼ਟ ਬਦਲਣ ਤੋਂ ਪਹਿਲਾਂ ਜਾਂ ਬਾਅਦ ਦਾ ਹੈ (ਸੁਭਾ ਅਤੇ ਸ਼ਾਮੀ 7 ਵਜੇ ਤੋਂ ਪਹਿਲਾਂ ਜਾਂ 9 ਵਜੇ ਤੋਂ ਬਾਅਦ)। ਇਸ ਤਰ੍ਹਾਂ ਨਰਸ ਨੂੰ ਪਿਛਲੀ ਨਰਸ ਕੋਲੋਂ ਪੂਰੀ ਜਾਣਕਾਰੀ ਲੈਣ ਦਾ ਅਤੇ ਮਰੀਜ਼ ਨੂੰ ਪੂਰੀ ਤਰ੍ਹਾਂ ਚੈੱਕ ਕਰਨ ਦਾ ਟਾਈਮ ਮਿਲ ਜਾਂਦਾ ਹੈ।

## ਈਮੇਲ ਰਾਹੀਂ ਸ਼ੁੱਭ ਕਾਮਨਾਵਾਂ ਭੇਜਣੀਆਂ

ਸ਼ੁੱਭ ਕਾਮਨਾਵਾਂ ਵਾਲੀ ਈਮੇਲ ਦੇ ਸੁਨੇਹੇ ਵਿਚ ਮਰੀਜ਼ ਦਾ ਪੂਰਾ ਨਾਮ, ਯੂਨਿਟ ਅਤੇ ਕਮਰਾ ਨੰਬਰ ਸ਼ਾਮਲ ਕਰੋ, ਮਰੀਜ਼ ਨੂੰ ਇਹ ਸੁਨੇਹਾ ਇੱਕ ਵਲੰਟੀਅਰ ਆਪ ਦੇ ਕੇ ਆਵੇਗਾ। youvegotmail.rch@fraserhealth.ca.

# ਮਹਿਮਾਨਾਂ ਲਈ

## ਮੁਲਾਕਾਤ ਸਮੇਂ

- **ਸੀ.ਐੱਸ.ਆਈ.ਸੀ. ਯੂ. (CSICU):** ਅਸੀਂ ਪਰਵਾਰਕ ਮੈਂਬਰਾਂ ਅਤੇ ਹੋਰ ਮਿਲਨ ਆਏ ਨਜ਼ਦੀਕੀ/ਰਿਸ਼ਤੇਦਾਰਾਂ ਦੋਸਤਾਂ ਦਾ ਸਵਾਗਤ ਕਰਦੇ ਹਾਂ। ਪਰਵਾਰ ਤੋਂ ਇਲਾਵਾ ਹੋਰ ਮਹਿਮਾਨਾਂ ਲਈ ਮਰੀਜ਼ ਜਾਂ ਉਸ ਦੇ ਪਰਵਾਰਕ ਮੈਂਬਰਾਂ ਦੀ ਮਨਜ਼ੂਰੀ ਹੋਣੀ ਚਾਹੀਦੀ ਹੈ। ਬੱਚਿਆਂ ਨੂੰ ਮਿਲਨ ਲਈ ਲਿਆਉਣ ਤੋਂ ਪਹਿਲਾਂ ਨਰਸ ਨਾਲ ਚੈੱਕ ਕਰ ਲਵੋ। ਇੱਥੇ ਕਈ ਕਿਸਮ ਦੀ ਇਕੁਇਪਮੈਂਟ ਨੂੰ ਵੇਖ ਕੇ ਬੱਚੇ ਡਰ ਸਕਦੇ ਹਨ।

  ਹਫ਼ਤੇ ਦੇ ਸੱਤੇ ਦਿਨ 24 ਘੰਟੇ ਤੁਸੀਂ ਕਿਸੇ ਸਮੇਂ ਵੀ ਆ ਸਕਦੇ ਹੋ। ਕਦੇ ਕਦਾਈਂ ਅਸੀਂ ਤੁਹਾਨੂੰ ਇੰਤਜ਼ਾਰ ਕਰਨ ਲਈ ਕਹਿ ਸਕਦੇ ਹਾਂ ਜਿਵੇਂ ਕਿ ਦੇਖ ਭਾਲ ਲਈ, ਦੇਖ ਭਾਲ ਵਾਲੀ ਟੀਮ ਇਨਸਪੈਕਸ਼ਨ ਰਾਊਂਡ ਤੇ, ਸੁਰੱਖਿਆ ਕਾਰਨ ਅਤੇ ਸ਼ਿਫ਼ਟ ਦੀ ਬਦਲੀ ਦੇ ਸਮੇਂ (7:30 ਤੋਂ 8:30 ਵਜੇ ਸੁਬਾ ਅਤੇ ਸ਼ਾਮ ਨੂੰ)।
  ਜੇ ਇੰਤਜ਼ਾਰ ਕਰਨ ਲਈ ਕਿਹਾ ਜਾਏ ਤਾਂ ਧੀਰਜ ਰੱਖੋ।

  ਜਦੋਂ ਵੀ ਮਿਲਨ ਆਓ ਤਾਂ ਦੀਵਾਰ ਤੇ ਲੱਗੇ **ਇੰਟਰਕਾਮ ਨੂੰ ਹਮੇਸ਼ਾ ਵਰਤੋ** ਅਤੇ ਪੁੱਛੋ ਕਿ ਇਸ ਸਮੇਂ ਮਿਲਨ ਆਉਣਾ ਠੀਕ ਹੈ (ਬੇਸ਼ੱਕ ਦਰਵਾਜ਼ਾ ਖੁੱਲ੍ਹਾ ਹੋਵੇ)।

- **2 ਦੱਖਣ ਅਤੇ 2 ਉੱਤਰ:** ਮਿਲਨ ਆਏ ਸਾਰੇ ਮਹਿਮਾਨਾਂ ਦਾ ਬੱਚਿਆਂ ਸਮੇਤ ਸਵਾਗਤ ਹੈ। ਜੇ ਸਾਨੂੰ ਮਹਿਸੂਸ ਹੋਵੇ ਕਿ ਬੱਚਾ ਹੋਰ ਮਰੀਜ਼ਾਂ ਨੂੰ ਬੇਚੈਨ ਕਰ ਰਿਹਾ ਹੈ ਤਾਂ ਅਸੀਂ ਤੁਹਾਨੂੰ ਬੱਚੇ ਨੂੰ ਯੂਨਿਟ ਵਿਚੋਂ ਬਾਹਰ ਲੈ ਜਾਣ ਲਈ ਕਹਿ ਸਕਦੇ ਹਾਂ।

  ਹਰ ਇੱਕ ਯੂਨਿਟ ਵਿਚ 1:00 ਤੋਂ 3:00 ਦੁਪਹਿਰ ਤੱਕ ਆਰਾਮ ਕਰਨ ਦਾ ਸਮਾਂ ਹੁੰਦਾ ਹੈ। ਇਸ ਸਮੇਂ ਦੌਰਾਨ ਮਹਿਮਾਨ ਕਮਰੇ ਵਿਚ ਨਹੀਂ ਠਹਿਰ ਸਕਦੇ।

**ਨੋਟ:** ਜੇ ਮਰੀਜ਼ ਦੀ ਹਾਲਤ ਇੱਕ ਦਮ ਬਦਲ ਜਾਏ ਜਾਂ ਅਸੀਂ ਕੋਈ ਮੈਡੀਕਲ ਪ੍ਰੋਸੀਜਰ ਜਾਂ ਟੈੱਸਟ ਕਰਨਾ ਹੋਵੇ ਤਾਂ ਅਸੀਂ ਤੁਹਾਨੂੰ ਮਿਲਨ ਦਾ ਸਮਾਂ ਘੱਟ ਕਰਨ ਲਈ ਕਹਿ ਸਕਦੇ ਹਾਂ।





## ਤੁਹਾਡਾ ਕਮਰਾ

ਡਾਕਟਰੀ ਇਲਾਜ ਅਤੇ ਇਲਾਜ ਲਈ ਸਾਮਾਨ ਦੀ ਜ਼ਰੂਰਤ ਕਰ ਕੇ ਕਈ ਵਾਰ ਪੁਰਸ਼ ਅਤੇ ਔਰਤ ਨੂੰ ਇੱਕੋ ਕਮਰੇ ਵਿਚ ਰੱਖਣਾ ਪੈਂਦਾ ਹੈ। ਅਸੀਂ ਤੁਹਾਡੀ ਪ੍ਰਾਈਵੇਸੀ ਦਾ ਧਿਆਨ ਰੱਖਣ ਲਈ ਪੂਰਾ ਯਤਨ ਕਰਦੇ ਹਾਂ।

ਤੁਸੀਂ ਸੈਮੀ ਪ੍ਰਾਈਵੇਟ ਜਾਂ ਪ੍ਰਾਈਵੇਟ ਕਮਰੇ ਲਈ ਬੇਨਤੀ ਕਰ ਸਕਦੇ ਹੋ। ਸਾਡੇ ਕੋਲ ਐਸੇ ਕੁੱਝ ਕੁ ਕਮਰੇ ਹਨ। ਜੇ ਤੁਹਾਡੇ ਕੋਲ ਐਕਸਟੈਂਡਿਡ ਹੈਲਥ ਪਲੈਨ ਹੈ ਤਾਂ ਇਨ੍ਹਾਂ ਕਮਰਿਆਂ ਦੀ ਫ਼ੀਸ ਉਸ ਪਲੈਨ ਵਿਚ ਕਵਰ ਹੋ ਸਕਦੀ ਹੈ। .

ਜੇ ਤੁਹਾਡੇ ਕੋਲ ਬੀ.ਸੀ. ਮੈਡੀਕਲ ਸਰਵਿਸਿਜ਼ ਪਲੈਨ ਹੈ ਤਾਂ ਤੁਹਾਨੂੰ 4 ਬਿਸਤਰਿਆਂ ਵਾਲੇ ਸਾਂਝੇ ਕਮਰੇ ਦਾ ਕੋਈ ਚਾਰਜ ਨਹੀਂ ਲੱਗੇਗਾ।

ਕਈ ਵਾਰ ਸਾਨੂੰ ਮਰੀਜ਼ ਇੱਕ ਕਮਰੇ ਵਿਚੋਂ ਦੂਸਰੇ ਕਮਰੇ ਵਿਚ ਬਦਲਣੇ ਪੈਂਦੇ ਹਨ। ਤੁਹਾਡਾ ਕਮਰਾ ਬਦਲਣ ਦੇ ਇਹ ਕਾਰਨ ਹੋ ਸਕਦੇ ਹਨ:

- ਤੁਹਾਡੀਆਂ ਜਾਂ ਦੂਸਰੇ ਮਰੀਜ਼ ਦੀਆਂ ਇਲਾਜ ਦੀਆਂ ਜ਼ਰੂਰਤਾਂ
- ਜਿਸ ਕਮਰੇ ਲਈ ਤੁਸੀਂ ਬੇਨਤੀ ਕੀਤੀ ਸੀ ਉਹ ਉਪਲਬਧ ਨਹੀਂ

## ਤਮਾਕੂਨੋਸ਼ੀ ਰਹਿਤ

ਤਮਾਕੂਨੋਸ਼ੀ ਜਾਂ ਸੁਲਫ਼ਾ ਜਾਂ ਈ.ਸਿਗਰਟ ਨੂੰ ਹਸਪਤਾਲ ਦੇ ਅੰਦਰ ਜਾਂ ਇਸ ਦੇ ਮੈਦਾਨਾਂ ਵਿਚ ਪੀਣ ਦੀ ਇਜਾਜ਼ਤ ਨਹੀਂ। ਅਸੀਂ ਤੁਹਾਨੂੰ ਨਿਕੋਟੀਨ ਦੇ ਬਦਲ ਦੀ ਥੈਰਪੀ ਦੇ ਸਕਦੇ ਹਾਂ ਤਾਂ ਕਿ ਤੁਸੀਂ ਹਸਪਤਾਲ ਵਿਚ ਸੁਖੀ ਰਹੋ।।

## ਕਿਰਾਏ ਤੇ ਟੈਲੀਫ਼ੋਨ ਅਤੇ ਟੀ.ਵੀ.

ਟੀ.ਵੀ. ਰੋਜ਼ਾਨਾ ਦੇ ਰੇਟ ਤੇ ਉਪਲਬਧ ਹਨ। ਇਸ ਬਾਰੇ ਜਾਣਕਾਰੀ ਨਰਸ ਸਟੇਸ਼ਨ ਤੇ ਮਿਲ ਸਕਦੀ ਹੈ। ਹੈੱਡ-ਫ਼ੋਨ ਵਾਲੇ ਨਿਜੀ ਬਿਜਲਈ ਯੰਤਰਾਂ ਦੀ ਇਜਾਜ਼ਤ ਹੈ।

## ਵਾਈ.ਫ਼ਾਈ. (WiFi)

ਸਾਰੇ ਹਸਪਤਾਲ ਵਿਚ ਇੰਟਰਨੈੱਟ ਸਰਵਿਸ ਸਭ ਲਈ ਉਪਲਬਧ ਹੈ। ਇਸ ਨੂੰ 'ਐੱਫ਼.ਐੱਚ. ਗੈੱਸਟ' ('FH Guest') ਕਹਿੰਦੇ ਹਨ। ਤੁਹਾਨੂੰ ਇਸ ਲਈ ਪਾਸਵਰਡ ਦੀ ਜ਼ਰੂਰਤ ਨਹੀਂ। ਕਿਰਪਾ ਕਰ ਕੇ ਨੋਟ ਕਰੋ- ਕਿ ਇਹ ਅਨਸਿਕਿਓਰਡ ਨੈੱਟਵਰਕ ਹੈ।

## ਖਾਣੇ

ਜੇ ਤੁਹਾਨੂੰ ਕਿਸੇ ਖਾਣੇ ਤੋਂ ਐਲਰਜੀ ਹੈ ਜਾਂ ਕਿਸੇ ਖ਼ਾਸ ਖਾਣੇ ਦੀ ਲੋੜ ਹੈ ਤਾਂ ਸਾਨੂੰ ਦੱਸੋ। ਜੇ ਤੁਹਾਨੂੰ ਕਿਸੇ ਖਾਣੇ ਜਾਂ ਖ਼ੁਰਾਕ ਬਾਰੇ ਖ਼ਾਸ ਫਿਕਰ ਹੈ ਜਾਂ ਕੋਈ ਸਵਾਲ ਹੈ ਤਾਂ ਨਰਸ ਨੂੰ ਕਹੋ ਕਿ ਤੁਸੀਂ ਰਜਿਸਟਰਡ ਡਾਇਟੀਸ਼ੀਅਨ ਨਾਲ ਗੱਲ ਕਰਨਾ ਚਾਹੁੰਦੇ ਹੋ।

ਸਿਹਤਮੰਦ ਖਾਣੇ ਬਾਰੇ 2 ਦੱਖਣ ਅਤੇ 2 ਉੱਤਰ ਵਿਚ ਸਾਡੇ ਕੋਲ ਜ਼ਿਆਦਾ ਜਾਣਕਾਰੀ ਹੈ।

## ਗੱਲ ਬਾਤ ਕਰਨ ਲਈ

ਜੇ ਕਰ ਇਲਾਜ ਬਾਰੇ ਗੱਲ ਬਾਤ ਕਰਨ ਲਈ ਤੁਸੀਂ ਅੰਗਰੇਜ਼ੀ ਨਹੀਂ ਬੋਲ ਸਕਦੇ ਜਾਂ ਨਹੀਂ ਸਮਝ ਸਕਦੇ ਤਾਂ ਅਸੀਂ ਤੁਹਾਡੀ ਬੋਲੀ ਦੇ ਮੈਡੀਕਲ ਦੁਭਾਸ਼ੀਏ ਦਾ ਪ੍ਰਬੰਧ ਕਰ ਸਕਦੇ ਹਾਂ (ਫ਼ੋਨ ਤੇ ਜਾਂ ਵਿਅਕਤੀਗਤ ਰੂਪ ਵਿਚ)। ਇਸ ਵਿਚ ਕੁੱਝ ਸਮਾਂ ਲੱਗ ਸਕਦਾ ਹੈ। ਕੁੱਝ ਧੀਰਜ ਰੱਖੋ। ਤੁਹਾਨੂੰ ਇਸ ਲਈ ਕੋਈ ਚਾਰਜ ਨਹੀਂ ਹੋਵੇਗਾ।

ਆਮ ਗੱਲ ਬਾਤ ਲਈ ਪਰਵਾਰ ਜਾਂ ਦੋਸਤ ਮਦਦ ਕਰ ਸਕਦੇ ਹਨ।





## ਘਰ ਜਾਣਾ

'ਘਰ ਹੀ ਸਭ ਤੋਂ ਚੰਗਾ'। ਜਦੋਂ ਤੁਸੀਂ ਹਸਪਤਾਲ ਆਉਂਦੇ ਹੋ ਅਸੀਂ ਉਸੇ ਦਿਨ ਤੋਂ ਤੁਹਾਡੀ ਘਰ ਵਾਪਸੀ ਦੀ ਪਲੈਨਿੰਗ ਸ਼ੁਰੂ ਕਰ ਦਿੰਦੇ ਹਾਂ। ਅਸੀਂ ਤੁਹਾਡੇ ਨਾਲ ਸਲਾਹ ਕਰ ਕੇ ਘਰ ਜਾਣ ਦੇ ਦਿਨ ਦਾ ਅੰਦਾਜ਼ਾ ਲਗਾਉਂਦੇ ਹਾਂ। ਅਸੀਂ ਤੁਹਾਡੇ ਕਮਰੇ ਵਿਚ ਲੱਗੇ ਚਿੱਟੇ ਬੋਰਡ 'ਅੰਡਰਸਟੈਂਡ ਮਾਈ ਸਟੇ' ('Understanding My Stay') ਦੀ ਵਰਤੋਂ ਕਰਦੇ ਹਾਂ ਤਾਂ ਕਿ ਹਰ ਇੱਕ ਨੂੰ ਘਰ ਜਾਣ ਦੇ ਪਲੈਨ ਬਾਰੇ ਪਤਾ ਲੱਗ ਜਾਏ।




ਜੇ ਜ਼ਰੂਰਤ ਹੋਵੇ ਤਾਂ ਅਸੀਂ ਤੁਹਾਨੂੰ ਭਾਈਚਾਰਕ ਸੇਵਾਵਾਂ ਨਾਲ ਜੋੜ ਸਕਦੇ ਹਾਂ। ਜੇ ਤੁਸੀਂ ਸਮਝਦੇ ਹੋ ਕਿ ਤੁਹਾਨੂੰ ਘਰ ਵਿਚ ਮਦਦ ਦੀ ਲੋੜ ਹੈ ਤਾਂ ਆਪਣੀ ਨਰਸ ਨੂੰ ਦੱਸੋ।

ਤੁਹਾਨੂੰ ਘਰ ਵਿਚ ਕਿਨ੍ਹਾਂ ਚੀਜ਼ਾਂ ਅਤੇ ਸਪਲਾਈ ਦੀ ਜ਼ਰੂਰਤ ਹੋਵੇਗੀ ਇਹ ਸਾਰੀ ਦੇਖ ਭਾਲ ਸਾਡੇ ਸਰੀਰਕ ਅਤੇ ਆਕੂਪੇਸ਼ਨਲ ਥੈਰਾਪਿਸਟ ਕਰਨਗੇ। ਤੁਹਾਨੂੰ ਘਰ ਵਿਚ ਜਿਨ੍ਹਾਂ ਚੀਜ਼ਾਂ ਦੀ ਲੋੜ ਹੋਵੇਗੀ ਅਸੀਂ ਐਸਾ ਬੰਦੋਬਸਤ ਕਰਦੇ ਹਾਂ ਕਿ ਹਸਪਤਾਲ ਤੋਂ ਜਾਣ ਤੋਂ ਪਹਿਲਾਂ ਉਹ ਚੀਜ਼ਾਂ ਤੁਹਾਡੇ ਘਰ ਪਹੁੰਚ ਜਾਣ।

ਜਿਸ ਦਿਨ ਤੁਸੀਂ ਹਸਪਤਾਲ ਤੋਂ ਜਾਂਦੇ ਹੋ:

- ਕਿਸੇ ਐਸੇ ਵਿਅਕਤੀ ਦਾ ਪ੍ਰਬੰਧ ਕਰੋ ਜੋ ਤੁਹਾਨੂੰ ਘਰ ਲੈ ਕੇ ਜਾਏ।
- ਆਪਣੀ ਨਰਸ ਨੂੰ ਦੱਸੋ ਕਿ ਤੁਸੀਂ ਘਰ ਕਿਵੇਂ ਜਾ ਰਹੇ ਹੋ।
- ਇਹ ਸੁਨਿਸ਼ਚਿਤ ਕਰੋ ਕਿ ਤੁਸੀਂ ਆਪਣਾ ਸਾਰਾ ਸਾਮਾਨ ਲੈ ਲਿਆ ਹੈ।
- ਇਹ ਸੁਨਿਸ਼ਚਿਤ ਕਰੋ ਕਿ ਘਰ ਸੁਰੱਖਿਅਤ ਪਹੁੰਚਣ ਲਈ ਜੋ ਕੁੱਝ ਚਾਹੀਦਾ ਹੈ ਉਹ ਤੁਹਾਡੇ ਕੋਲ ਹੈ (ਜਿਵੇਂ ਕਿ ਘਰ ਦੀਆਂ ਚਾਬੀਆਂ, ਦਵਾਈਆਂ ਦੀ ਪਰਚੀ)